# ਕੀ ਤੁਹਾਨੂੰ ਸਿਹਤਯਾਬ ਹੋਣ ਦੌਰਾਨ ਆਪਣੇ ਕੰਮ 'ਤੇ ਰੁਜ਼ਗਾਰਦਾਤਾ ਨਾਲ ਸਮੱਸਿਆਵਾਂ ਆ ਰਹੀਆਂ ਹਨ?

**ਵਰਕਪਲੇਸ ਫੈਸੀਲੀਟੇਟਿਡ ਡਿਸਕਸ਼ਨ** (workplace facilitated discussion - WFD) ਇੱਕ ਸਵੈ-ਇੱਛਤ ਸੇਵਾ ਹੈ ਜੋ ਹੇਠ ਲਿਖੀਆਂ ਚੀਜ਼ਾਂ ਨਾਲ ਕੰਮ 'ਤੇ ਤੁਹਾਡੀ ਸਿਹਤਯਾਬੀ ਮੁੜ-ਤੰਦਰੁਸਤੀ ਵਿੱਚ ਸਹਾਇਤਾ ਕਰ ਸਕਦੀ ਹੈ:

- ਤੁਹਾਡੇ ਅਤੇ/ਜਾਂ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਉਠਾਏ ਗਏ ਮੁੱਦਿਆਂ ਦਾ ਹੱਲ ਕੱਢ ਕੇ ~~ਨੂੰ-ਹੱਲ-~~ਕਰਕੇ
- ਕੰਮ 'ਤੇ ਸਿਹਤਯਾਬੀ ਲਈ ਇੱਕ ਕਾਰਗਰ ਸਮਝੌਤੇ ~~ਤੱਕ~~ ‘ਤੇ ਪਹੁੰਚਣ ਵਿੱਚ ਤੁਹਾਡੀ ਮੱਦਦ ਕਰਕੇ
- ਸਮਰਥਨ ਭਰੇ ਮਾਹੌਲ ਵਿੱਚ ਸਵੈਇੱਛਤ ਤੌਰ 'ਤੇ ਵਿਚਾਰ-ਵਟਾਂਦਰਾ ਕਰਨ ਦੀ ਪੇਸ਼ਕਸ਼ ਕਰਕੇ
- ਕੰਮ 'ਤੇ ਸਿਹਤਯਾਬ ਹੋਣ ਲਈ ਤੁਹਾਡੇ ਲਈ ਢੁੱਕਵੀਂ ਯੋਜਨਾ ਦੀ ਪਛਾਣ ਕਰਕੇ
- ਸ਼ਾਮਲ ਧਿਰਾਂ ਦੀਆਂ ਉਮੀਦਾਂ ਨੂੰ ਨਵੇਂ ਸਿਰੇ ਤੋਂ ਸੈੱਟ ਕਰਕੇ

## ਪੜਾਅ 1

ਇੱਕ ਯੋਗਤਾ ਪ੍ਰਾਪਤ ਸਟਾਫ਼ ਮੈਂਬਰ (ਸੰਚਾਲਕ) ਨਾਲ ਨਿੱਜੀ ਮੀਟਿੰਗਾਂ: ਜੋ ਇਹ ਸਮਝਣ ਲਈ ਤੁਹਾਡੇ ਨਾਲ ਇੱਕ ਮੀਟਿੰਗ ਦਾ ਆਯੋਜਨ ਕਰੇਗਾ ਕਿ ਕੰਮ 'ਤੇ ਤੁਹਾਡੀ ਸਿਹਤਯਾਬੀ ਨੂੰ ਕੀ ਪ੍ਰਭਾਵਿਤ ਕਰ ਰਿਹਾ ਹੈ।

## ਪੜਾਅ 2

ਤੁਹਾਡੀ ਸਿਹਤਯਾਬੀ ਵਿੱਚ ਸਹਾਇਤਾ ਲਈ ਵਿਹਾਰਕ ਹੱਲ ਵਾਲੇ ਵਿਕਲਪਾਂ ਦੀ ਪਛਾਣ ਕਰਨ ਲਈ ਤੁਹਾਡੇ ਅਤੇ ਤੁਹਾਡੇ ਰੁਜ਼ਗਾਰਦਾਤਾ ਨਾਲ ਸਮੂਹਿਕ ਮੀਟਿੰਗ। ਇਹ ਯਕੀਨੀ ਬਣਾਉਣ ਲਈ ਸਹਿਮਤ ਯੋਜਨਾ ਦੀ ਨਿਗਰਾਨੀ ਕੀਤੀ ਜਾਵੇਗੀ ਕਿ ਤੁਹਾਡੀ ਸਿਹਤਯਾਬੀ ਵਿੱਚ ਸਹਾਇਤਾ ਕਰਨ ਵਾਲੀਆਂ ਕਾਰਵਾਈਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ ਜਾਂ ਨਹੀਂ।

State Insurance
Regulatory Authority

NSW
GOVERNMENT

ਜੇਕਰ ਤੁਸੀਂ ਆਪਣੇ ਰੁਜ਼ਗਾਰਦਾਤਾ ਨਾਲ ਕੰਮ ਵਾਲੀ ਥਾਂ 'ਤੇ ਕਿਸੇ ਅਜਿਹੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ ਜੋ ਕੰਮ 'ਤੇ ਤੁਹਾਡੀ ਸਿਹਤਯਾਬੀ ਨੂੰ ਪ੍ਰਭਾਵਿਤ ਕਰ ਰਹੀ ਹੈ, ਤਾਂ ਤੁਸੀਂ ਆਪਣੇ ਬੀਮਾ ਕੇਸ ਮੈਨੇਜਰ, ਯੂਨੀਅਨ ਡੈਲੀਗੇਟ, ਨਾਮਜ਼ਦ ਇਲਾਜ ਕਰਨ ਵਾਲੇ ਡਾਕਟਰ ਜਾਂ ਕਾਰਜ ਸਥਾਨ ਵਾਪਸੀ (ਰਿਹੈਬਿਲਿਟੇਸ਼ਨ) ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ।



## WFD ਤੁਹਾਡੀ ਮੱਦਦ ਕਿਵੇਂ ਕਰ ਸਕਦਾ ਹੈ?

- ਅਲੈਕਸ ਨੂੰ ਆਪਣੇ ਸੁਪਰਵਾਈਜ਼ਰ ਨਾਲ ਕੰਮ 'ਤੇ ਵਾਪਸੀ ਦੀ ਯੋਜਨਾ ਬਾਰੇ ਗੱਲ ਕਰਨਾ ਔਖਾ ਲੱਗ ਰਿਹਾ ਸੀ।
- ਅਲੈਕਸ ਆਪਣੇ ਸੁਪਰਵਾਈਜ਼ਰ ਨੂੰ ਰਿਪੋਰਟ ਕਰਨ ਬਾਰੇ ਚਿੰਤਤ ਸੀ।
- ਅਲੈਕਸ ਨੇ WFD ਦਾ ਆਯੋਜਨ ਕਰਨ ਲਈ ਆਪਣੇ ਬੀਮਾਕਰਤਾ ਕੇਸ ਮੈਨੇਜਰ ਨਾਲ ਗੱਲ ਕੀਤੀ।
- ਅਲੈਕਸ, ਉਸਦਾ ਸੁਪਰਵਾਈਜ਼ਰ, ਅਤੇ ਸੰਚਾਲਕ ਗੱਲਬਾਤ ਵਿੱਚ ਰੁਕਾਵਟਾਂ ਬਾਰੇ ਚਰਚਾ ਕਰਨ ਅਤੇ ਉਹਨਾਂ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਲਈ ਇਕੱਠੇ ਹੋਏ।
- ਸੰਚਾਲਕ ਨੇ ਸਾਰੀਆਂ ਧਿਰਾਂ ਨੂੰ ਇੱਕ ਸਮਝੌਤੇ 'ਤੇ ਪਹੁੰਚਣ ਅਤੇ ਦੁਬਾਰਾ ਨਵੇਂ ਸਿਰੇ ਤੋਂ ਸ਼ੁਰੂ ਕਰਨ ਲਈ ਇਨ੍ਹਾਂ ਵਿਚਾਰ-ਵਟਾਂਦਰਿਆਂ ਵਿੱਚ ਸਹਾਇਤਾ ਪ੍ਰਦਾਨ ਕੀਤੀ।
- ਅਲੈਕਸ ਸਹਿਮਤ ਯੋਜਨਾ ਅਨੁਸਾਰ ਕੰਮ 'ਤੇ ਵਾਪਸ ਆ ਗਿਆ ਹੈ ਅਤੇ ਆਪਣੇ ਸੁਪਰਵਾਈਜ਼ਰ ਦੁਆਰਾ ਵਧੇਰੇ ਸਮਰਥਨ ਦਿੱਤਾ ਜਾਂਦਾ ਮਹਿਸੂਸ ਕਰਦਾ ਹੈ।

ਵਰਕਪਲੇਸ ਫੈਸੀਲੀਟੇਟਿਡ ਡਿਸਕਸ਼ਨ ਬਾਰੇ ਵਧੇਰੇ ਜਾਣਕਾਰੀ ਲਈ,
ਵੇਖੋ: https://www.sira.nsw.gov.au/workplace-facilitated-discussion